ਨਿਊਜ਼ ਰਿਲੀਜ਼

# ਹੈਲਥਕੇਅਰ ਐਕਸ਼ਨ ਪਲਾਨ: EMS ਦਾ ਜਵਾਬ ਦੇਣ ਵਿੱਚ ਲੱਗਣ ਵਾਲਾ ਸਮਾਂ

21 ਦਸੰਬਰ 2022

## ਅਲਬਰਟਾ ਦੀ ਸਰਕਾਰ ਐਂਬੂਲੈਂਸਾਂ ਅਤੇ ਪੈਰਾਮੈਡਿਕਸ ਦਾ ਸਮਾਂ ਖਾਲੀ ਕਰਨ ਲਈ ਇੱਕ ਨਵਾਂ ਪ੍ਰੋਗਰਾਮ ਪੇਸ਼ ਕਰ ਰਹੀ ਹੈ ਤਾਂ ਜੋ ਜ਼ਿਆਦਾ ਐਮਰਜੈਂਸੀ ਕਾਲਾਂ ਦਾ ਜਵਾਬ ਦਿੱਤਾ ਜਾ ਸਕੇ।

ਹੈਲਥਕੇਅਰ ਐਕਸ਼ਨ ਪਲਾਨ ਦੇ ਹਿੱਸੇ ਵਜੋਂ, ਅਲਬਰਟਾ ਦੀ ਸਰਕਾਰ ਐਮਰਜੈਂਸੀ ਮੈਡੀਕਲ ਸੇਵਾਵਾਂ (EMS) ਦੇ ਜਵਾਬ ਦੇਣ ਵਿੱਚ ਲੱਗਣ ਵਾਲਾ ਸਮੇਂ ਵਿੱਚ ਸੁਧਾਰ ਕਰਨ ਅਤੇ ਐਮਰਜੈਂਸੀ ਵਿਭਾਗ ਵਿੱਚ ਉਡੀਕ ਕਰ ਰਹੇ ਅਲਬਰਟਾ ਵਾਸੀਆਂ ਲਈ ਗੰਭੀਰ ਦੇਖਭਾਲ ਵਾਲੇ ਬਿਸਤਰੇ ਹੋਰ ਤੇਜ਼ੀ ਨਾਲ ਉਪਲਬਧ ਕਰਵਾਉਣ ਲਈ ਅਲਬਰਟਾ ਹੈਲਥ ਸਰਵਿਸਿਜ਼ (AHS) ਨਾਲ ਕੰਮ ਕਰ ਰਹੀ ਹੈ।

ਗੈਰ-ਮੈਡੀਕਲ ਮਰੀਜ਼ਾਂ ਦੇ ਟ੍ਰਾਂਸਫਰ ਜਿਵੇਂ ਕਿ ਮਰੀਜ਼ਾਂ ਨੂੰ ਘਰ ਲਿਜਾਣ ਲਈ ਉੱਚ ਸਿਖਲਾਈ ਪ੍ਰਾਪਤ ਪੈਰਾਮੈਡਿਕਸ ਦੀ ਵਰਤੋਂ ਕਰਨ ਦੀ ਬਜਾਏ, AHS ਵਿਕਲਪਕ ਟ੍ਰਾਂਸਪੋਰਟ ਦਾ ਪ੍ਰਬੰਧ ਕਰੇਗਾ। ਗੈਰ-ਕਲੀਨਿਕਲ ਟ੍ਰਾਂਸਪੋਰਟ ਲਈ ਇਹ ਪ੍ਰੋਗਰਾਮ ਉਹਨਾਂ ਮਰੀਜ਼ਾਂ ਲਈ ਹੈ ਜਿਨ੍ਹਾਂ ਨੂੰ ਟ੍ਰਾਂਸਪੋਰਟ ਦੇ ਦੌਰਾਨ ਡਾਕਟਰੀ ਸਹਾਇਤਾ ਦੀ ਲੋੜ ਨਹੀਂ ਹੁੰਦੀ ਹੈ ਅਤੇ ਉਹ ਰਸਤੇ ਵਿੱਚ ਆਪਣੀ ਦੇਖਭਾਲ ਖੁਦ ਕਰ ਸਕਦੇ ਹਨ, ਇਸ ਵਿੱਚ ਉਹ ਮਰੀਜ਼ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਕਿਸੇ ਸੁਵਿਧਾ ਜਾਂ ਗੰਭੀਰ ਦੇਖਭਾਲ ਤੋਂ ਟ੍ਰਾਂਸਫਰ ਕਰਨ ਜਾਂ ਛੁੱਟੀ ਦੇਣ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ।

AHS ਉਮੀਦ ਕਰਦਾ ਹੈ ਕਿ 15 ਪ੍ਰਤੀਸ਼ਤ ਟ੍ਰਾਂਸਪੋਰਟ ਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਤੋਂ ਹਟਾ ਲਿਆ ਜਾਵੇਗਾ, ਜਿਸਦਾ ਮਤਲਬ ਹੈ ਕਿ ਇੱਕ ਵਾਰ ਪੂਰੇ ਸੂਬੇ ਵਿੱਚ ਇਹ ਪ੍ਰੋਗਰਾਮ ਲਾਗੂ ਹੋਣ ਤੋਂ ਬਾਅਦ ਪੈਰਾਮੈਡਿਕਸ ਪ੍ਰਤੀ ਦਿਨ ਲਗਭਗ 70 ਹੋਰ ਟ੍ਰਾਂਸਪੋਰਟਾਂ ਦਾ ਜਵਾਬ ਦੇ ਸਕਦੇ ਹਨ।

ਨਵਾਂ ਪ੍ਰੋਗਰਾਮ, AHS ਵਿਖੇ ਚੱਲ ਰਹੀਆਂ ਕਈ ਤੁਰੰਤ ਕਾਰਵਾਈਆਂ ਵਿੱਚੋਂ ਇੱਕ ਹੈ ਜੋ ਅਲਬਰਟਾ ਵਾਸੀਆਂ ਨੂੰ ਬਿਹਤਰ ਸੇਵਾ ਦੇਣ ਲਈ ਤਿਆਰ ਕੀਤਾ ਗਿਆ ਹੈ। AHS ਕੋਲ ਚਾਰ ਤਰਜੀਹੀ ਖੇਤਰਾਂ ਵਿੱਚ ਸੁਧਾਰ

ਕਰਨ ਲਈ ਇੱਕ ਜੁਝਾਰੂ ਯੋਜਨਾ ਹੈ ਅਤੇ ਇਹ ਦਬਾਅ ਘਟਾਉਣ ਅਤੇ ਪ੍ਰਣਾਲੀ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਕਈ ਠੋਸ ਕਦਮ ਚੁੱਕ ਰਿਹਾ ਹੈ।

ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- ਇਸ ਦੁਆਰਾ EMS ਦੇ ਜਵਾਬ ਦੇਣ ਦੇ ਸਮੇਂ ਵਿੱਚ ਸੁਧਾਰ ਕਰਨਾ:
  - ਬਦਲਵੇਂ ਟ੍ਰਾਂਸਪੋਰਟ ਵਿਕਲਪਾਂ ਦੀ ਵਰਤੋਂ ਦਾ ਸਮਰਥਨ ਕਰਨਾ।
  - ਐਂਬੂਲੈਂਸ ਖਾਲੀ ਕਰਨ ਵਿੱਚ ਸਹਾਇਤਾ ਲਈ ਐਮਰਜੈਂਸੀ ਵਿਭਾਗ ਦੇ ਵੇਟਿੰਗ ਰੂਮਾਂ ਵਿੱਚ ਟ੍ਰਾਈਜ ਡਾਕਟਰਾਂ ਨੂੰ ਸ਼ਾਮਲ ਕਰਨਾ।
  - ਸੈਕੰਡਰੀ ਟ੍ਰਾਈਜ ਕਰਨਾ - ਜਿੱਥੇ ਉਚਿਤ ਹੋਵੇ 911 ਕਾਲਾਂ ਨੂੰ 811 'ਤੇ ਭੇਜਣਾ।
  - ਪੈਰਾਮੈਡਿਕਸ ਨੂੰ ਮਰੀਜ਼ ਨੂੰ ਹਸਪਤਾਲ ਲਿਜਾਏ ਬਿਨਾਂ ਮੁਲਾਂਕਣ ਕਰਨ ਅਤੇ ਇਲਾਜ ਕਰਨ ਦੀ ਆਗਿਆ ਦੇਣਾ।
  - ਇੱਕ EMS ਸੂਬਾਈ ਸੇਵਾ ਯੋਜਨਾ ਨੂੰ ਲਾਗੂ ਕਰਨਾ।
- ਇਸ ਦੁਆਰਾ ਐਮਰਜੈਂਸੀ ਵਿਭਾਗ ਦੇ ਇੰਤਜ਼ਾਰ ਦੇ ਸਮੇਂ ਨੂੰ ਘਟਾਉਣਾ:
  - ਐਮਰਜੈਂਸੀ ਵਿਭਾਗ ਦੇ ਬਿਸਤਰਿਆਂ ਦੀ ਵਰਤੋਂ ਵਿੱਚ ਸੁਧਾਰ ਕਰਨ ਲਈ ਹਸਪਤਾਲ ਦੇ ਪ੍ਰਵਾਹ ਵਿੱਚ ਸੁਧਾਰ ਕਰਨਾ।
  - ਇਹ ਯਕੀਨੀ ਬਣਾਉਣਾ ਕਿ ਅਲਬਰਟਾ ਦੇ ਵਾਸੀਆਂ ਨੂੰ ਐਮਰਜੈਂਸੀ ਵਿਭਾਗ ਵਿੱਚ ਜਾਣ ਦੇ ਵਿਕਲਪਾਂ ਬਾਰੇ ਜਾਣਕਾਰੀ ਹੈ।
  - ਬੱਚਿਆਂ ਦੇ ਹਸਪਤਾਲਾਂ ਵਿੱਚ ਗੈਰ-ਫੌਰੀ ਕਲੀਨਿਕਾਂ ਲਈ ਕੰਮਕਾਜੀ ਘੰਟਿਆਂ ਦਾ ਵਿਸਤਾਰ ਕਰਨਾ।
  - ਬਜ਼ੁਰਗਾਂ ਅਤੇ ਕਮਜ਼ੋਰ ਮਰੀਜ਼ਾਂ ਦੇ ਸਮੇਂ ਸਿਰ ਮੁਲਾਂਕਣ ਅਤੇ ਛੁੱਟੀ ਦੇਣ ਨੂੰ ਸਮਰਥਨ ਦੇਣ ਲਈ ਐਮਰਜੈਂਸੀ ਵਿਭਾਗ ਵਿੱਚ ਸਮਰਪਿਤ ਸਹਿਯੋਗੀ ਸਿਹਤ ਸਹਾਇਤਾਵਾਂ ਨੂੰ ਵਧਾਉਣਾ।
  - ਬੇਘਰ ਹੋਣ ਦਾ ਅਨੁਭਵ ਕਰ ਰਹੇ ਵਿਅਕਤੀਆਂ ਲਈ ਐਮਰਜੈਂਸੀ ਵਿਭਾਗਾਂ ਤੋਂ ਸੁਰੱਖਿਅਤ ਰੂਪ ਵਿਚ ਛੁੱਟੀ ਦੇਣ ਵਿੱਚ ਸਹਾਇਤਾ ਕਰਨ ਲਈ ਭਾਈਚਾਰਕ ਸੰਸਥਾਵਾਂ ਨਾਲ ਭਾਈਵਾਲੀ ਕਰਨਾ।
- ਇਹਨਾਂ ਦੁਆਰਾ ਸਰਜਰੀਆਂ ਲਈ ਉਡੀਕ ਸਮੇਂ ਨੂੰ ਘਟਾਉਣਾ:
  - ਉਡੀਕ ਸੂਚੀਆਂ ਦੇ ਪ੍ਰਬੰਧਨ ਵਿੱਚ ਸੁਧਾਰ ਕਰਨਾ।
  - ਐਡਮੰਟਨ ਅਤੇ ਕੈਲਗਰੀ ਹਸਪਤਾਲਾਂ ਤੋਂ ਬਾਹਰ ਸਰਜਰੀ ਦੀਆਂ ਸਹੂਲਤਾਂ ਦੀ ਵਰਤੋਂ ਕਰਨਾ।
- AHS ਸਾਈਟਾਂ 'ਤੇ ਮਰੀਜ਼ਾਂ ਦੇ ਸਮੁੱਚੇ ਪ੍ਰਵਾਹ ਅਤੇ ਸਮਰੱਥਾ ਨੂੰ ਇਸ ਦੁਆਰਾ ਸੁਧਾਰਨਾ:
  - ਬੇਘਰੇ ਅਤੇ ਕਮਜ਼ੋਰ ਸਮੂਹਾਂ, ਜਿਨ੍ਹਾਂ ਨੂੰ ਡਾਕਟਰੀ ਰਾਹਤ ਅਤੇ ਤੰਦਰੁਸਤੀ ਵਾਸਤੇ ਦੇਖਭਾਲ ਦੀ ਲੋੜ ਹੁੰਦੀ ਹੈ, ਲਈ ਭਾਈਚਾਰਾ-ਆਧਾਰਿਤ ਵਿਕਲਪਾਂ ਵਿੱਚ ਸੁਧਾਰ ਕਰਨਾ।
  - ਹਸਪਤਾਲ ਦੇ ਵਾਰਡਾਂ ਵਿੱਚ ਮਰੀਜ਼ਾਂ ਦੇ ਪ੍ਰਵਾਹ ਵਿੱਚ ਸੁਧਾਰ ਕਰਨ ਲਈ ਹਸਪਤਾਲ ਦੀ ਦੇਖਭਾਲ ਟੀਮਾਂ ਲਈ ਸਹਿਯੋਗੀ ਸਿਹਤ ਸਹਾਇਤਾਵਾਂ ਨੂੰ ਵਧਾਉਣਾ।

- ਜੋ ਮਰੀਜ਼ਾਂ ਨਿਰੰਤਰ ਦੇਖਭਾਲ ਦੀ ਪਲੇਸਮੈਂਟ ਲਈ ਉਡੀਕ ਕਰ ਰਹੇ ਹਨ, ਘਰ ਵਿੱਚ ਉਨ੍ਹਾਂ ਦੀ ਸਹਾਇਤਾ ਲਈ ਜਾਂ ਮਰੀਜ਼ਾਂ ਨੂੰ ਜਿੰਨਾ ਚਿਰ ਉਹ ਚਾਹੁੰਦੇ ਹਨ ਅਤੇ ਸੁਰੱਖਿਅਤ ਢੰਗ ਨਾਲ ਉੱਥੇ ਰਹਿ ਸਕਦੇ ਹਨ, ਉਨ੍ਹਾਂ ਦੇ ਆਪਣੇ ਘਰਾਂ ਵਿੱਚ ਰੱਖਣ ਲਈ ਹੋਮ ਕੇਅਰ ਦੇ ਵਾਧੂ ਘੰਟੇ ਜੋੜਨਾ।
- ਨਿਰੰਤਰ ਦੇਖਭਾਲ ਵਿੱਚ ਹਫ਼ਤੇ ਵਿੱਚ ਸੱਤ ਦਿਨ ਇਕਸਾਰ ਦਾਖਲਾ ਯਕੀਨੀ ਬਣਾਉਣਾ।

## ਸੰਬੰਧਿਤ ਜਾਣਕਾਰੀ

- ਹੈਲਥਕੇਅਰ ਐਕਸ਼ਨ ਪਲਾਨ

## ਸਬੰਧਤ ਖ਼ਬਰਾਂ

- ਮਰੀਜ਼ ਦੀ ਦੇਖਭਾਲ ਵਿੱਚ ਸੁਧਾਰ ਕਰਨ ਲਈ AHS ਵਿੱਚ ਸੁਧਾਰ ਕਰਨਾ (17 ਨਵੰਬਰ, 2022)
- EMS ਸਲਾਹਕਾਰ ਕਮੇਟੀ ਦੀ ਰਿਪੋਰਟ: ਮੰਤਰੀ ਕਾਪਿੰਗ (04 ਅਕਤੂਬਰ, 2022)
- EMS ਦੇ ਦਬਾਵਾਂ ਨੂੰ ਹੱਲ ਕਰਨ ਲਈ ਕਾਰਵਾਈ ਕਰਨਾ (26 ਮਈ, 2022)
- ਅਲਬਰਟਾ ਦੇ EMS ਪ੍ਰਣਾਲੀ 'ਤੇ ਦਬਾਅ ਨੂੰ ਘੱਟ ਕਰਨਾ (25 ਮਈ, 2022)
- HERO ਅਤੇ HALO ਲਈ ਫੰਡਿੰਗ ਨਵੀਆਂ ਉਚਾਈਆਂ 'ਤੇ ਪਹੁੰਚ ਗਈ ਹੈ (31 ਮਾਰਚ, 2022)
- STARS ਟੇਕਆਫ ਲਈ ਤਿਆਰ ਕਿਉਂਕਿ ਸੂਬੇ ਨੇ ਫੰਡਿੰਗ ਦੁੱਗਣੀ ਕਰ ਦਿੱਤੀ ਹੈ (25 ਮਾਰਚ, 2022)
- ਬਜਟ 2022 EMS ਸਮਰੱਥਾ ਨੂੰ ਵਧਾਉਂਦਾ ਹੈ (10 ਮਾਰਚ, 2022)